# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 31-07-2024**

ਗੁਲਾਬ ਚੰਦ ਕਟਾਰੀਆ ਨੂੰ ਅੱਜ ਰਾਜਭਵਨ ਚੰਡੀਗੜ੍ਹ ਵਿਚ, ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਸੌਂਹ ਚੁਕਾਈ ਗਈ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਨੇ ਗੁਲਾਬ ਚੰਦ ਕਟਾਰੀਆ ਨੂੰ, ਅਹੁਦੇ ਦੀ ਸੌਂਹ ਚੁਕਾਈ। ਉਹ ਬਨਵਾਰੀ ਲਾਲ ਪੁਰੋਹਿਤ ਦੀ ਥਾਂ ਤੇ ਆਏ ਨੇ, ਜਿਨਾਂ ਨੇ ਆਪਣੇ ਨਿਜੀ ਕਾਰਨਾਂ ਦਾ ਹਵਾਲਾ ਦੀਦਿਆਂ ਅਹੁਦੇ ਤੋਂ ਇਸਤੀਫ਼ਾ ਦੇ ਦਿੱਤਾ ਸੀ। ਗੁਲਾਬ ਚੰਦ ਕਟਾਰੀਆ, ਇਸ ਤੋਂ ਪਹਿਲਾਂ ਆਸਾਮ ਦੇ ਰਾਜਪਾਲ ਸਨ। ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਯ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਉਨਾਂ ਦੇ ਕਈ ਕੈਬਿਨੇਟ ਮੰਤਰੀ, ਵਿਧਾਇਕ, ਸੀਨੀਅਰ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਅਤੇ ਕਈ ਹੋਰ ਪਤਵੰਤੇ ਸਮਾਗਮ ਦੌਰਾਨ ਮੌਜੂਦ ਰਹੇ। ਇਸ ਮੌਕੇ ਤੇ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ

ਉਹ, ਜਨਤਾ ਦੇ ਸੇਵਕ ਵਜੋਂ ਕਾਮ ਕਰਨਗੇ ਅਤੇ ਸੂਬੇ ਦੇ ਹਰ ਪਿੰਡ, ਇਲਾਕੇ ਤੇ ਸਰਹੱਦੀ ਖੇਤਰਾਂ ਦਾ ਦੌਰਾ ਵੀ ਕਰਨਗੇ।

--------------------------------------------------------

ਟੂ ਪੰਜਾਬ ਐੱਨ ਸੀ ਸੀ ਬਟਾਲੀਅਨ ਦੀ ਅਗਵਾਈ ਹੇਠ, DAV ਯੂਨੀਵਰਸਿਟੀ ਵਿਖੇ ਐੱਨ ਸੀ ਸੀ ਕੈਡਿਟਾਂ ਅਤੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨਾਲ ਇਕ ਪ੍ਰੇਰਣਾਦਾਇਕ ਲੈਕਚਰ ਕਰਵਾਇਆ ਗਿਆ NCC ਦੇ ਕਮਾਂਡਿੰਗ ਅਫਸਰ ਕਰਨਲ ਵਿਨੋਦ ਜੋਸ਼ੀ ਨੇ ਦੱਸਿਆ ਕਿ ਐੱਨ ਸੀ ਸੀ ਕੈਡਿਟਸ 'C ਸਰਟੀਫਿਕੇਟ' ਰਾਹੀਂ, ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਦਿੱਤੇ ਬਿਨਾਂ ਸਿੱਧੇ, SSB ਦੀ ਪ੍ਰੀਖਿਆ ਦੇ ਸਕਦੇ ਨੇ । ਉਨਾਂ ਕਿਹਾ ਕਿ ਅਗਨੀਵੀਰ ਅਤੇ ਪੈਰਾ ਮਿਲਟਰੀ ਵਿੱਚ, 10 ਤੋਂ 20 ਅੰਕਾਂ ਦੇ ਬੋਨਸ ਅੰਕਾਂ ਦੀ ਵਿਵਸਥਾ ਏ ਅਤੇ NCC ਸਰਟੀਫਿਕੇਟ ਪੋਸਟ ਗ੍ਰੈਜੂਏਟ ਮੈਡੀਕਲ ਅਤੇ ਇੰਜੀਨੀਅਰਿੰਗ ਵਿੱਚ ਬੋਨਸ ਅੰਕ ਦਿੰਦਾ ਏ। ਕਰਨਲ ਜੋਸ਼ੀ ਨੇ ਕਿਹਾ ਕਿ ਐਨ ਸੀ ਸੀ ਕੈਡਿਟਸ ਨੂੰ ਕਈ ਕੌਮੀ ਤੇ ਕੌਮਾਂਤਰੀ ਕੈਂਪ ਲਗਾਉਣ ਦੇ ਮੌਕੇ ਮਿਲਦੇ ਨੇ ਅਤੇ ਨੌਜਵਾਨਾਂ ਦੇ ਸਰਵਪੱਖੀ ਵਿਕਾਸ

ਲਈ, ਐਨ.ਸੀ.ਸੀ. ਅਨੁਸ਼ਾਸਨ ਤੇ ਏਕਤਾ ਰਾਹੀਂ ਰਾਸ਼ਟਰ ਨਿਰਮਾਣ ਵੀ ਸਿਖਾਉਂਦਾ ਏ। ਉਨਾਂ ਭਾਰਤੀ ਫੌਜ ਵਿੱਚ ਕਮਿਸ਼ਨ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਕਰਨਲ ਵਿਨੋਦ ਜੋਸ਼ੀ ਨੇ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਮਨੋਜ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਯੂਨੀਵਰਸਿਟੀ ਵਿੱਚ ਭਵਿੱਖੀ ਫੌਜੀ ਲੀਡਰਸ਼ਿਪ ਬਾਰੇ ਚਰਚਾ ਹੋਈ।

---------------------------------------------------------

ਕੌਮੀ ਸ਼ਹੀਦ ਊਧਮ ਸਿੰਘ ਦਾ ਅੱਜ ਸ਼ਹੀਦੀ ਦਿਵਸ ਏ। ਇਸ ਮੌਕੇ ’ਤੇ ਸੂਬੇ ਭਰ ਵਿਚ ਉਨਾਂ ਨੂੰ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਨੇ। ਉਨਾਂ ਦੇ ਜੱਦੀ ਸ਼ਹਿਰ ਸੰਗਰੂਰ ਜ਼ਿਲੇ ਦੇ ਸੁਨਾਮ ਵਿਖੇ ਉਨਾਂ ਦੀ ਯਾਦਗਾਰ ਤੇ ਵੱਡੀ ਗਿਣਤੀ ਵਿਚ ਲੋਕ ਪੁੱਜ ਰਹੇ ਨੇ ਅਤੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੇ ਨੇ। ਜ਼ਿਕਰਯੋਗ ਏ ਕਿ ਮਹਾਨ ਇਨਕਲਾਬੀ ਸ਼ਹੀਦ ਊਧਮ ਸਿੰਘ ਨੇ, ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਲਿਆ ਸੀ।

---------------------------------------------------------

ਜੰਮੂ ਕਸ਼ਮੀਰ ਦੇ ਸਾਂਭਾ ਸੈਕਟਰ ਵਿੱਚ ਤੈਨਾਤ, ਅਜਨਾਲਾ ਦੇ ਪਿੰਡ

ਹਰੜ ਕਲਾਂ ਦੇ ਵਸਨੀਕ, ਨਾਇਕ ਹਰਵੰਤ ਸਿੰਘ ਡਿਊਟੀ ਦੌਰਾਨ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ, ਵੀਰ ਗਤੀ ਨੂੰ ਪ੍ਰਾਪਤ ਹੋ ਗਏ। ਹਰਵੰਤ ਸਿੰਘ 8 ਸਿਖਲਾਈ ਫਤਿਹਪੁਰ ਬਟਾਲੀਅਨ ਵਿੱਚ ਆਪਣੀ ਡਿਊਟੀ ਨਿਭਾ ਰਹੇ ਸਨ। ਸ਼ਹੀਦ ਨਾਇਕ ਹਰਵੰਤ ਸਿੰਘ ਦੀ ਮ੍ਰਿਤਕ ਦੇਹ ਜਦੋਂ ਉਨਾਂ ਦੇ ਜੱਦੀ ਪਿੰਡ ਪਹੁੰਚੀ ਤਾਂ ਪੂਰੇ ਪਿੰਡ ਦੀਆਂ ਅੱਖਾਂ ਨਮ ਹੋ ਗਈਆਂ। ਇਸ ਮੌਕੇ ਸ਼ਹੀਦ ਨਾਇਕ ਹਰਵੰਤ ਸਿੰਘ ਦੇ ਭਰਾ ਨੇ ਕਿਹਾ ਕਿ ਉਹ ਵੀ ਫੌਜੀ ਜਵਾਨ ਏ ਅਤੇ ਉਸ ਦੇ ਪਿਤਾ ਵੀ ਫੌਜ ਵਿੱਚ ਰਹੇ ਨੇ। ਉਨਾਂ ਕਿਹਾ ਕਿ ਬਹੁਤ ਮਾਣ ਏ ਕਿ ਉਨਾਂ ਦਾ ਭਰਾ ਨੇ ਡਿਊਟੀ ਨਿਭਾਉਂਦਿਆਂ ਆਪਣੀ ਜਾਨ ਦਿੱਤੀ ਏ। ਸ਼ਹੀਦ ਨਾਇਕ ਹਰਵੰਤ ਸਿੰਘ ਦੀ ਮਾਤਾ ਨੇ ਕਿਹਾ ਕਿ ਉਸ ਦਾ ਪੁੱਤ ਮਾਣ ਨਾਲ ਆਇਆ ਏ।

--------------------------------------------------

ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ, ਸਬ ਜੇਲ੍ਹ ਫਾਜ਼ਿਲਕਾ ਵਿਖੇ, ਨਸ਼ੇ ਖਿਲਾਫ ਜਾਗਰੂਕਤਾ ਸੈਮੀਨਾਰ ਲਗਾਇਆ। ਮੁਖ ਨਿਆਇਕ ਮੈਜਿਸਟ੍ਰੇਟ ਏ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ

ਅਮਨਪ੍ਰੀਤ ਸਿੰਘ ਅਤੇ ਸਿਵਿਲ ਸਰਜਨ ਦਫਤਰ ਤੋਂ ਜਨਰਲ ਕੌਂਸਲਰ ਸੁਰਿੰਦਰ ਨੇ, ਜੇਲ੍ਹ ਵਿਚ ਬੰਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਨਸ਼ੇ ਦੇ ਨੁਕਸਾਨ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਚ ਫਸ ਕੇ ਅਸੀਂ ਆਪਦੀ ਜਿੰਦਗੀ ਬਰਬਾਦ ਕਰ ਲੈਂਦੇ ਹਾਂ ਤੇ ਸਮਾਜ ਦੀ ਮੁੱਖ ਧਾਰਾ ਤੋਂ ਟੁੱਟ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਨਸ਼ੇ ਦੀ ਵਰਤੋਂ ਕਰਕੇ ਆਪਣੇ ਆਪ ਦੇ ਨਾਲ- ਨਾਲ ਪੂਰਾ ਪਰਿਵਾਰ ਵੀ ਖਤਮ ਹੋ ਜਾਂਦਾ ਏ ਇਸ ਲਈ ਨਸ਼ਿਆਂ ਦੀ ਦਲਦਲ ਵਿਚ ਫਸਕੇ ਆਪਣੀ ਜਿੰਦਗੀ ਨੂੰ ਖਤਮ ਨਾਂ ਕਰਕੇ ਸਹੀ ਰਾਹੇ ਪੈ ਕੇ ਇਕ ਜਿੰਮੇਵਾਰ ਨਾਗਰਿਕ ਬਣਨਾ ਚਾਹੀਦਾ ਏ।

---------------------------------------------------

ਪੈਰਿਸ ਓਲੰਪਿਕ ਵਿਚ ਨਿਸ਼ਾਨੇਬਾਜ਼ ਮਨੂ ਭਾਕਰ ਤੇ ਸਰਬਜੋਤ ਸਿੰਘ ਦੀ ਜੋੜੀ ਨੇ, 10 ਮੀਟਰ ਏਅਰ ਪਿਸਟਲ ਮਿਕਸਡ ਮੁਕਾਬਲੇ ਵਿਚ, ਕਾਂਸੇ ਦਾ ਇਹ ਤਮਗਾ ਜਿਤਿਆ ਏ। ਮਨੂ ਦਾ ਇਹ ਦੂਜਾ ਤਮਗਾ ਏ ਅਤੇ ਇਸ ਕਾਮਯਾਬੀ ਤੇ ਉਹ ਬਹੁਤ ਖੁਸ਼ ਨੇ।

---------------------------------------------------

ਮੌਸਮ ਵਿਭਾਗ ਨੇ ਅੱਜ ਤੋਂ ਦੋ ਦਿਨ ਲਈ, ਸੂਬੇ 'ਚ ਭਾਰੀ ਮੀਂਹ ਦਾ

ਅਲਰਟ ਜਾਰੀ ਕੀਤਾ ਏ। ਅੱਜ 8 ਜ਼ਿਲਿਆਂ 'ਚ ਓਰੇਂਜ ਤੇ 15 'ਚ ਯੈਲੋ ਅਲਰਟ ਏ । ਹਾਲਾਂਕਿ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 0 .7 ਡਿਗਰੀ ਤਕ ਦਾ ਵਾਧਾ ਹੋਇਆ ਏ । ਸਾਰੇ ਜ਼ਿਲ੍ਹਿਆਂ ਵਿੱਚ ਤਾਪਮਾਨ 33 ਡਿਗਰੀ ਤੋਂ ਵੱਧ ਹੋ ਗਿਆ ਏ। ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 39.8 ਡਿਗਰੀ ਦਰਜ ਕੀਤਾ ਗਿਆ ਏ, ਜਿਹੜਾ ਕਿ ਔਸਤ ਤਾਪਮਾਨ ਨਾਲੋਂ 3.6 ਡਿਗਰੀ ਵੱਧ ਏ । ਪਿਛਲੇ 24 ਘੰਟਿਆਂ ਵਿੱਚ ਬਹੁਤ ਘੱਟ ਮੀਂਹ ਪਿਆ ਏ । ਇਸ ਸਮੇਂ ਦੌਰਾਨ ਪਟਿਆਲਾ ਵਿੱਚ 4 ਮਿਲੀ-ਮੀਟਰ ਅਤੇ ਫਤਿਹਗੜ੍ਹ ਸਾਹਿਬ ਤੇ ਰੋਪੜ ਵਿੱਚ 1.5 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਏ।

---------------------------------------------------------------

ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ, ਚੰਡੀਗੜ੍ਹ ਦੀ ਹਦਾਇਤ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਚੋਣਾਂ ਲਈ ਯੋਗ ਵੋਟਰਾਂ ਦੀ ਰਜਿਸਟਰੇਸ਼ਨ ਦੀ, ਅੱਜ ਆਖਰੀ ਤਰੀਕ ਏ । ਫਾਈਨਲ ਵੋਟਰ ਸੂਚੀ ਦੀ ਤਿਆਰੀ ਦੇ ਸਬੰਧ ਵਿੱਚ, ਕੇਸਧਾਰੀ ਵਿਅਕਤੀ ਫਾਰਮ ਨੰਬਰ-1 ਭਰ ਸਕਦੇ ਨੇ।